


**ISSN Print:** 2394-7500
**ISSN Online:** 2394-5869
**Impact Factor:** 5.2
IJAR 2016; 2(1): 103-105
www.allresearchjournal.com
Received: 20-11-2015
Accepted: 23-12-2015

**ਡਾ. ਉਮਿੰਦਰ ਜੌਹਲ**
ਐਸੋਸੀਏਟ ਪ੍ਰੋਫੈਸਰ
ਦੁਆਬਾ ਕਾਲਜ, ਜਲੰਧਰ

**Correspondence**
**ਡਾ: ਉਮਿੰਦਰ ਜੌਹਲ**
ਐਸੋਸੀਏਟ ਪ੍ਰੋਫੈਸਰ
ਦੁਆਬਾ ਕਾਲਜ,ਜਲੰਧਰ

# ਪੰਜਾਬੀ ਭਾਸ਼ਾ ਅਤੇ ਸਭਿਆਚਾਰ: ਚੁਣੌਤੀਆਂ ਤੇ ਸੰਭਾਵਨਾਵਾਂ

## ਡਾ. ਉਮਿੰਦਰ ਜੌਹਲ

**Abstract**
ਸਭਿਆਚਾਰ ਮਾਨਵੀ ਲੋੜਾਂ ਦੇ ਰੁਪਾਂਤਰਨ ਦਾ ਨਾਮ ਹੈ ਅਤੇ ਇਹ ਰੁਪਾਂਤਰਣ ਸਥਾਨਿਕ ਸਭਿਆਚਾਰਕ ਭਾਸ਼ਾ ਰਾਹੀਂ ਹੀ ਅਸਲ ਅਰਥਾਂ ਵਿੱਚ ਨੇਪਰੇ ਚੜ੍ਹਦਾ ਹੈ। ਭਾਸ਼ਾ ਮਨੁੱਖ ਦੀ ਮਹਿਜ਼ ਲੋੜ ਨਹੀਂ ਸਗੋਂ ਭਾਸ਼ਾ ਮਨੁੱਖ ਦਾ ਵਿਧਾ-ਬਿੰਦੂ ਹੈ। ਇਸ ਦ੍ਰਿਸ਼ਟੀ ਤੋਂ ਭਾਸ਼ਾ ਮਨੁੱਖ ਦੀਆਂ ਸਭ ਪ੍ਰਕਾਰ ਦੀਆਂ ਲੋੜਾਂ ਦੀ ਕੇਂਦਰੀ-ਚੂਲ੍ਹ ਹੈ।
ਸਭਿਆਚਾਰ ਤੇ ਭਾਸ਼ਾ ਨੂੰ ਸਿੱਧੇ ਪੱਧਰੇ ਅਰਥਾਂ ਵਿੱਚ ਮਨੁੱਖ ਦੀ ਬਸ ਆਰਥਿਕਤਾ ਅਤੇ ਆਰਥਿਕ ਵਿਕਾਸ ਨਾਲ ਜੋੜ ਕੇ ਦੇਖ ਸਮਝ ਲਿਆ ਜਾਂਦਾ ਹੈ ਪਰ ਭਾਸ਼ਾ ਅਸਲ ਵਿੱਚ ਮਨੁੱਖ ਦੀ ਸਮੁੱਚੀ ਸੂਝ-ਉਸਾਰੀ ਦਾ ਕੇਂਦਰੀ-ਬਿੰਦੂ ਹੈ।
ਗਲੋਬਲ ਪੱਧਰ ਤੇ ਵਪਾਰ ਦੀ ਮਾਨਸਿਕਤਾ ਅਤੇ ਸਥਾਨਿਕ ਸੱਤਾਧਾਰੀ ਧਿਰ ਦੀ ਸੌੜੀ ਸੋਚ ਦਾ ਖਮਿਆਜ਼ਾ ਸਭਿਆਚਾਰਿਕ ਭਾਸ਼ਾਵਾਂ ਨੂੰ ਓਨੀ ਦੇਰ ਭੁਗਤਣਾ ਪਵੇਗਾ ਜਿੰਨੀ ਦੇਰ ਆਮ ਲੋਕਾਈ ਦੀ ਸੂਝ ਵਿੱਚ ਸਭਿਆਚਾਰਿਕ ਭਾਸ਼ਾ ਸੰਚਾਰ, ਸੰਵਾਦ ਅਤੇ ਸਿਰਜਣ ਦੇ ਪੜ੍ਹਾਵਾਂ ਵਿੱਚ ਨਹੀਂ ਵਿਚਰਦੀ। ਸੰਚਾਰ, ਸੰਵਾਦ ਅਤੇ ਸਿਰਜਣ ਦਾ ਅਮਲ ਹੀ ਗਿਆਨ-ਵਿਗਿਆਨ ਦੇ ਰਾਹ ਘੜਦਾ ਹੈ ।

**Keywords**: ਸੰਚਾਰ, ਸੰਵਾਦ, ਸਿਰਜਣ, ਸਭਿਆਚਾਰਿਕ-ਭਾਸ਼ਾ ।

ਭਾਸ਼ਾਈ ਸੰਚਾਰ ਦੀ ਸਮਰੱਥਾ ਸਮੇਂ ਸਥਾਨ ਤੋਂ ਪਾਰ ਤੱਕ ਜਾਂਦੀ ਹੈ। ਇਸੇ ਲਈ ਭਾਸ਼ਾ ਮਾਨਵੀ ਸਮਾਜ ਦੇ ਸੰਚਾਰ ਦਾ ਕੇਂਦਰ-ਬਿੰਦੂ ਹੈ ਭਾਸ਼ਾ ਨੂੰ ਚੁਣੌਤੀਆਂ ਅਤੇ ਭਾਸ਼ਾ ਦੀਆਂ ਸੰਭਾਵਨਾਵਾਂ ਇਕੋ ਧਰਾਤਲ ਨਾਲ ਜੁੜੇ ਇਕੋ ਵਿਸ਼ੇ ਦੀਆਂ ਦੋ ਪਰਤਾਂ ਹਨ। ਕਿਸੇ ਚੁਣੌਤੀ ਦੇ ਹੱਲ ਵੱਲ ਨਿਕਲਣ ਦੇ ਸੂਝ-ਯਤਨ ਹੀ ਸੰਭਾਵਨਾਵਾਂ ਦੀ ਭੌਂ ਤਲਾਸ਼ਦੇ ਹਨ। ਸੰਭਾਵਨਾਵਾਂ ਦੀ ਇਹ ਸੂਝ-ਭੌਂ ਹੀ ਮਾਨਵੀ ਵਿਕਾਸ ਦਾ ਆਰੰਭ ਬਿੰਦੂ ਬਣਦੀ ਹੈ। ਭਾਸ਼ਾ ਦੀ ਚੁਣੌਤੀ ਅਤੇ ਭਾਸ਼ਾ ਦੀਆਂ ਸੰਭਾਵਨਾਵਾਂ ਨੂੰ ਸਮਝਣ ਲਈ ਭਾਸ਼ਾ ਦੀ ਸਮਾਜਿਕ-ਮਾਨਵੀ ਸਿਰਜਣਾਤਮਿਕ ਪ੍ਰਸੰਗਿਕਤਾ ਨੂੰ ਮਾਨਵੀ ਉਸਾਰਾਂ ਦੇ ਸਮੁੱਚੇ ਸੰਦਰਭ ਵਿੱਚ ਦੇਖਣ-ਪਛਾਨਣ ਦੀ ਲੋੜ ਹੈ। ਗਿਆਨ ਅਤੇ ਵਿਗਿਆਨ ਭਾਸ਼ਾ ਰਾਹੀਂ ਪੈਦਾ ਹੁੰਦੇ ਹਨ. ਗਿਆਨ ਵਿਗਿਆਨ ਦੀ ਕੋਈ ਇਕ ਭਾਸ਼ਾ ਨਹੀਂ ਹੁੰਦੀ ਜਿਸ ਸਮਾਜ-ਸਭਿਆਚਾਰ ਵਿੱਚ ਗਿਆਨ-ਵਿਗਿਆਨ ਦੀਆਂ ਨਵੀਆਂ ਖੋਜਾਂ ਪੈਦਾ ਹੋਣਗੀਆਂ ਉਸੇ ਸਮਾਜ-ਸਭਿਆਚਾਰ ਦੀ ਭਾਸ਼ਾ ਆਪਣੀ ਅਮੀਰੀ ਦਾ ਪ੍ਰਚਮ ਲਹਿਰਾਏਗੀ।

ਅਸੀਂ ਭਾਸ਼ਾ ਨੂੰ ਸਿਰਫ਼ ਸੰਚਾਰ ਦੇ ਮਾਧਿਅਮ ਵੱਜੋਂ ਜਾਣ ਕੇ ਸੰਤੁਸ਼ਟ ਹਾਂ। ਦੂਸਰੀਆਂ ਭਾਸ਼ਾਵਾਂ ਤੋਂ ਗਿਆਨ ਵਿਗਿਆਨ ਦੇ ਅਨੁਵਾਦ ਨੂੰ ਹੀ ਮੂਲ ਅਤੇ ਮੁੱਲਵਾਨ ਕਾਰਜ ਸਮਝਣ ਤੱਕ ਗੱਲ ਮੁਕਾ ਬੈਠਦੇ ਹਾਂ। ਭਾਸ਼ਾ ਦਾ ਸਤੱਈ ਕਾਰਜ ਸੰਚਾਰ ਹੈ। ਭਾਸ਼ਾ ਦਾ ਮੂਲ ਤੇ ਡੂੰਘ-ਕਾਰਜ ਗਿਆਨ, ਕਲਾਵਾਂ ਅਤੇ ਵਿਗਿਆਨ ਦਾ ਸਿਰਜਣ ਹੈ। ਜਿਹੜੀਆਂ ਭਾਸ਼ਾਵਾਂ ਦੇ ਸਮਾਜ-ਸਭਿਆਚਾਰ ਇਸ ਮੂਲ ਸਿਰਜਣ ਕਾਰਜ ਨੂੰ ਪਛਾਨਣ ਅਤੇ ਨਿਭਾਉਣਗੇ ਉਹੀ ਆਪਣੀਆਂ ਭਾਸ਼ਾਵਾਂ ਤੇ ਸਭਿਆਚਾਰਾਂ ਦੇ ਵਿਕਾਸ ਦਾ ਰਾਹ ਮੋਕਲਾ ਕਰਨਗੇ।

ਸਭਿਆਚਾਰ, ਭਾਸ਼ਾ ਅਤੇ ਗਿਆਨ ਸੰਚਾਰ, ਸੰਵਾਦ ਅਤੇ ਸਿਰਜਣ ਤੱਕ ਦੇ ਪੜ੍ਹਾਵਾਂ ਰਾਹੀਂ ਉਸਰਦੇ ਹਨ। ਸੰਚਾਰ ਇਸ ਅਮਲ ਦੀ ਮੁੱਢਲੀ ਸਥਿਤੀ ਹੈ। ਪਿਛਲੱਗ/ਅਵਿਕਸਿਤ ਕੌਮਾਂ ਅਤੇ ਸੱਭਿਆਚਾਰ ਇਸ ਮੁੱਢਲੀ ਸਥਿਤੀ 'ਸੰਚਾਰ' ਤੱਕ ਹੀ ਸਿਮਟ ਕੇ ਵਿਚਰਦੇ ਹਨ। ਇਹ ਵਿਚਰਨ ਓਨੀ ਦੇਰ ਤੱਕ ਹੀ ਜਾਰੀ ਰਹਿੰਦਾ ਹੈ ਜਿੰਨੀ ਦੇਰ ਤੱਕ ਭੂਗੋਲਿਕ ਖਿੱਤੇ ਦੇ ਸਰੋਤ ਹੋਰਨਾਂ ਸੱਭਿਆਚਾਰ ਦੀ ਖਿੱਚ ਦਾ ਕੇਂਦਰ ਬਣੇ ਰਹਿੰਦੇ ਹਨ। ਇਹ ਪਿਛਲੱਗ ਸਭਿਆਚਾਰ ਜਾਣੇ-ਅਣਜਾਣੇ ਇਸ ਸੰਚਾਰ/ਸੂਚਨਾ ਨੂੰ ਹੀ ਗਿਆਨ ਸਮਝਣ ਦੀ ਕੁਤਾਹੀ ਹੰਢਾਉਂਦੇ ਅਤੇ ਜਿਉਂਦੇ ਹਨ। ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਦੇਸ਼ਾਂ/ਜਮਾਤਾਂ ਨੂੰ ਆਮ ਤੌਰ ਤੇ ਇਹ ਸਥਿਤੀ ਬਹੁਤ ਟਿਕਾਊ ਅਤੇ ਆਰਾਮਦਾਇਕ ਦਿਖਾਈ ਦਿੰਦੀ ਹੈ ਕਿਉਂਕਿ ਸੂਚਨਾ ਪੱਧਰ ਤੇ ਜਿਉਂਦੀ ਲੋਕਾਈ ਦੀ ਅਜਿਹੀ ਸਮਰੱਥਾ ਨਹੀਂ ਹੁੰਦੀ ਕਿ ਉਹ ਸੱਤਾਧਾਰੀ ਧਿਰ ਲਈ ਕਦੇ

ਕੋਈ ਚੁਣੌਤੀ ਬਣ ਸਕੇ ਪਰ ਦੁਖਾਂਤਕ ਸੱਚ ਇਹ ਹੈ ਕਿ ਮਾਨਵੀ ਸਭਿਆਚਾਰ ਵਿਕਾਸ ਦੇ ਸੰਵਾਦ ਅਤੇ ਸਿਰਜਣ ਪੜ੍ਹਾਅ ਅਜਿਹੀਆਂ ਪਿਛਲੱਗੀ ਕੌਮਾਂ/ ਸਭਿਆਚਾਰਾਂ ਦਾ ਨਸੀਬ ਨਹੀਂ ਬਣਦੇ। ਸੱਤਾਧਾਰੀ ਦੇਸ਼ ਅਤੇ ਜਮਾਤਾਂ ਸਮੁੱਚੀ ਲੋਕਾਈ ਨੂੰ ਸੂਚਨਾਧਾਰੀ ਯਤਰਾਂ ਵਿੱਚ ਤਬਦੀਲ ਕਰਕੇ ਵਿਕਾਸ ਦਾ ਭਰਮ ਸਿਰਜਦੀਆਂ ਹਨ ਅਤੇ ਆਮ ਲੋਕਾਈ ਸੂਚਨਾ ਦੇ ਇਸ ਛਲਾਵੇ ਵਿੱਚ ਉਲਝ ਕੇ ਗਿਆਨ ਵਿਗਿਆਨ ਦੇ ਅਸਲ ਵਿਕਾਸ ਤੋਂ ਵਿਰਵੀ ਰਹਿ ਜਾਂਦੀ ਹੈ। ਅਜਿਹੀ ਵਿਡੰਬਨਾ ਹੀ ਪੰਜਾਬ ਭਾਸ਼ਾ ਅਤੇ ਸਭਿਆਚਾਰਕ ਲੋਕਾਈ ਨਾਲ ਵਾਪਰ ਰਹੀ ਹੈ।

ਆਮ ਲੋਕਾਈ ਲਈ ਸੂਚਨਾ ਗਿਆਨ ਦਾ ਬਦਲ ਬਣ ਕੇ ਪ੍ਰਸਤੁਤ ਹੈ ਅਤੇ ਸਮੁੱਚੀ ਲੋਕਾਈ ਵਿਕਾਸ ਦੇ ਭਰਮ ਵਿੱਚ ਜਿਉਂਦੀ ਹੈ. ਵਿਕਾਸ ਦਾ ਪੱਧਰ ਅਤੇ ਵਿਕਾਸ ਦਾ ਟੀਚਾ ਸੱਤਾਧਾਰੀ ਧਿਰ ਦੀ ਇੱਛਾ ਅਨੁਸਾਰ ਨਿਰਧਾਰਤ ਹੁੰਦਾ ਹੈ। ਸੱਤਾਧਾਰੀ-ਧਿਰ ਸੂਚਨਾ ਅਤੇ ਇਕਹਿਰੀ ਤਕਨੋਲੋਜੀ ਨਾਲ ਅਜਿਹੀ ਸਥਿਤੀ ਦਾ ਹੱਲ ਪ੍ਰਸਤੁਤ ਕਰਦੀ ਹੈ। ਇਕਹਿਰੀ ਤਕਨੋਲੋਜੀ ਦੀ ਮੁਹਾਰਤ ਨਾਲ ਮਾਹਰਾਂ ਦੇ ਨਾਂ ਹੇਠ ਸਕਿਲਡ ਲੇਬਰ ਪੈਦਾ ਕਰਕੇ, ਲੋੜੀਂਦੀ ਪੈਦਾਵਾਰ ਦਾ ਟੀਚਾ ਪੂਰਾ ਕਰ ਲਿਆ ਜਾਂਦਾ ਹੈ ਅਤੇ ਸਭਿਆਚਾਰ ਦੇ ਵਿਕਾਸ ਦਾ ਭਰਮ ਤਕਨੀਕ ਰਾਹੀਂ ਸਿਰਜ ਲਿਆ ਜਾਂਦਾ ਹੈ।

"ਸਭਿਆਚਾਰਕ ਭਾਸ਼ਾਵਾਂ ਨਾਲੋਂ ਟੁੱਟਣ ਦਾ ਇਹ ਨਤੀਜਾ ਨਿਕਲਿਆ ਕਿ ਅੱਜ ਸਾਡੀਆਂ ਆਈ.ਆਈ.ਟੀ ਵਰਗੀਆਂ ਵੱਡੀਆਂ ਸੰਸਥਾਵਾਂ, ਜਿਨ੍ਹਾਂ ਉੱਪਰ ਅਸੀਂ ਮਾਣ ਕਰਦੇ ਨਹੀਂ ਥੱਕਦੇ, ਕੇਵਲ ਸੇਲਜ਼ਮੈਨ ਹੀ ਪੈਦਾ ਕਰ ਰਹੀਆਂ ਹਨ। ਗਿਆਨੀ, ਵਿਗਿਆਨੀ ਅਤੇ ਤਕਨਾਲੋਜਿਸਟ ਨਹੀਂ।"[1]

ਤਕਨੀਕ ਗਿਆਨ ਅਤੇ ਵਿਗਿਆਨ ਦੀ ਦੇਣ ਹੁੰਦੀ ਹੈ ਪਰ ਇਕਹਿਰੀ ਤਕਨੀਕ ਸਮਾਜ ਨੂੰ ਅਸਲ ਵਿਕਾਸ ਵੱਲ ਨਹੀਂ ਲਿਜਾ ਸਕਦੀ। ਇਹ ਤਕਨੀਕ ਮਨੁੱਖ ਨੂੰ ਸਟੈਟਿਕ ਸਥਿਤੀ ਵਿੱਚ ਜਿਉਣ ਦੀ ਮੁਹਾਰਤ ਕਰਵਾ ਦਿੰਦੀ ਹੈ। ਇਹ ਸਟੈਟਿਕ ਮੁਹਾਰਤ ਹੀ ਸਭਿਆਚਾਰਕ ਲੋਕਾਈ ਨੂੰ ਆਪਣੀ ਸਮਰੱਥਾ ਨਜ਼ਰ ਆਉਂਦੀ ਹੈ ਤੇ ਸਮਾਜ ਰੋਟੀ-ਰੋਜ਼ੀ ਦੇ ਮੂਲ ਮਸਲਿਆਂ ਦੇ ਹੱਲ ਨੂੰ ਅੰਤਾਂ ਦਾ ਸਕੂਨ ਮੰਨ ਬੈਠਦਾ ਹੈ। ਪੰਜਾਬੀ ਭਾਸ਼ਾਈ ਲੋਕਾਈ ਵੀ ਅਜਿਹੀ ਦੁਖਾਂਤਕ ਚੁਣੌਤੀ ਵਿਚ ਹੀ ਵਿਚਰ ਰਹੀ ਹੈ। ਬਹੁਤਿਆਂ ਨੂੰ ਇਹ ਚੁਣੌਤੀ ਦਿਖਾਈ ਇਸ ਲਈ ਨਹੀਂ ਦੇ ਰਹੇ ਰਹੀ ਕਿਉਂਕਿ ਸੰਸਾਰ ਦੀ ਵੱਡੀ ਵੱਸੋਂ ਅਤੇ ਛੋਟੇ 'ਰੁਤਬੇ' ਦੇ ਮੁਲਕਾਂ ਦੀ ਇਕੋ ਜਿਹੀ ਸਥਿਤੀ ਇਕ ਵੱਖਰੀ 'ਸਮਾਨ ਵਿਕਾਸ ਦੇ ਭਰਮ ਦੀ ਤਸੱਲੀ' ਦਾ ਅਹਿਸਾਸ ਕਰਵਾ ਦਿੰਦੀ ਹੈ। ਵਿਕਾਸ ਦੇ ਛਲਾਵੇ ਨੂੰ ਦੇਖ ਦੇ ਸਾਹਮਣੇ ਆਉਂਦੀ, ਇਹ ਤਸੱਲੀ ਹੀ ਬਹੁਤੇ ਮੁਲਕਾਂ ਨੂੰ ਵਿਕਾਸ ਦੇ ਛਲਾਵੇ ਦਾ ਪੇਤਲਾ ਸਵਾਦ ਦੇ ਰਹੀ ਹੈ। ਅਸਲ ਵਿੱਚ ਇਹ ਸਥਿਤੀ ਮਨੁੱਖ ਅੰਦਰਲੀਆਂ ਅਥਾਹ ਸਮਰੱਥਾਵਾਂ ਨੂੰ ਤਕਨੀਕੀ ਮੁਹਾਰਤ ਤੱਕ ਸਮੇਟਣ ਦੀ ਇਕ ਵਿਸ਼ਵ-ਵਿਆਪੀ ਯੁਗਤ ਹੈ। ਸੱਤਾਧਾਰੀ ਧਿਰਾਂ ਦੀ ਇਹ ਜੁਗਤ ਆਦਿ ਕਾਲਾਂ ਤੋਂ ਇਸੇ ਤਰ੍ਹਾਂ ਨਿਭਦੀ ਰਹੀ ਹੈ, ਜੋ ਗਲੋਬਲ ਸੱਤੇ ਦੇ ਦੌਰ ਵਿੱਚ ਵਧੇਰੇ ਪ੍ਰਭਾਵੀ ਨਜ਼ਰ ਆ ਰਹੀ ਹੈ। ਪੰਜਾਬੀ ਭਾਸ਼ਾ ਅਤੇ ਪੰਜਾਬੀ ਸਮਾਜ-ਸਭਿਆਚਾਰ ਵੀ ਇਸੇ ਸਥਿਤੀ ਨੂੰ ਹੰਢਾਅ ਰਿਹਾ ਹੈ। ਵਿਡੰਬਨਾ ਦਾ ਕਹਿਰ ਇਹ ਹੈ ਕਿ ਇਸ ਸਥਿਤੀ ਨੂੰ ਮਾਨਵੀ ਵਿਕਾਸ ਦੇ ਰਾਹ ਵਿੱਚ ਮੁੱਖ ਰੁਕਾਵਟ ਸਮਝਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਸੀਮਤ ਹੈ। ਵੱਡੀ ਗਿਣਤੀ ਲੋਕ ਇਸ ਸਥਿਤੀ-ਛਲਾਵੇ ਨੂੰ ਵੀ ਵਿਕਾਸ ਦਾ ਮਾਰਗ ਅਤੇ ਪੱਧਰ ਸਮਝਣ ਦੀ ਕੁਤਾਹੀ ਕਰੀ ਜਾ ਰਹੇ ਹਨ।

"ਅਸੀਂ ਆਧੁਨਿਕਤਮ ਤਕਨਾਲੋਜੀ ਦੀਆਂ ਨਿਆਮਤਾਂ ਦੇ ਦਰਮਿਆਨ ਤਾਂ ਰਹਿ ਰਹੇ ਹਾਂ ਅਤੇ ਹਰ ਕੋਈ ਆਪਣੀ ਪਹੁੰਚ ਅਤੇ ਸਮਰੱਥਾ (ਆਰਥਿਕ ਸਥਿਤੀ) ਅਨੁਸਾਰ ਇਨ੍ਹਾਂ ਦਾ ਲਾਭ ਉਠਾ ਰਿਹਾ ਹੈ ਪਰ ਇਨ੍ਹਾਂ ਪ੍ਰਾਪਤੀਆਂ ਦੇ ਪਿਛੋਕੜ ਵਿੱਚ ਕਾਰਜਸ਼ੀਲ ਵਿਗਿਆਨਿਕ ਨੇਮਾਂ ਦਾ ਗਿਆਨ ਸਾਡੀ ਪਹੁੰਚ ਤੋਂ ਇਸ ਲਈ ਕੋਹਾਂ ਦੂਰ ਹੈ ਕਿ ਇਸ ਦੀ ਰਸਾਈ ਪੰਜਾਬੀਆਂ ਦੇ ਵੱਡੇ ਹਿੱਸੇ ਤੱਕ ਨਹੀਂ ਹੈ। ਇਹ ਵਿਗਿਆਨ ਪੰਜਾਬੀਆਂ ਦੀ ਆਪਣੀ ਭਾਸ਼ਾ ਦੇ ਜ਼ਰੀਏ ਸਾਡੇ ਸਭਿਆਚਾਰ ਦਾ ਹਿੱਸਾ ਨਹੀਂ ਬਣ ਰਿਹਾ। ਇਹ ਕਾਰਨ ਹੈ ਕਿ ਅਸੀਂ ਤਕਨਾਲੋਜੀ ਦੀਆਂ ਨਿਆਮਤਾਂ ਨੂੰ ਵਰਤਣ-ਮਾਣਨ ਦੇ ਬਾਵਜੂਦ ਵਿਗਿਆਨਕ ਦ੍ਰਿਸ਼ਟੀਕੋਣ ਦੇ ਲੜ ਨਹੀਂ ਲੱਗੇ। ਸਾਡੇ ਸਭਿਆਚਾਰ ਦੇ ਅੰਤਰਗਤ ਅਰਥ ਸਿਰਜਣ ਅਤੇ ਸੰਚਾਰਨ ਵਾਲੀ ਮੌਲਿਕ ਚਿੰਨ੍ਹ-ਪ੍ਰਣਾਲੀ (ਪੰਜਾਬੀ ਭਾਸ਼ਾ) ਤੋਂ ਉਪਰਾ ਗਿਆਨ ਵਿਗਿਆਨ ਸਾਡੇ ਸਮਾਨਯ ਬੋਧਾਂ ਦਾ ਹਿੱਸਾ ਨਹੀਂ ਬਣ ਰਿਹਾ। "[2]

ਗਿਆਨ, ਵਿਗਿਆਨ ਅਤੇ ਵਿਗਿਆਨਿਕ ਦ੍ਰਿਸ਼ਟੀ ਜੇਕਰ ਲੋਕਾਈ ਤੱਕ ਸਹੀ ਅਰਥਾਂ ਵਿੱਚ ਨਹੀਂ ਪਹੁੰਚੀ ਤਾਂ ਅਸਲ ਕਾਰਨ ਉਨ੍ਹਾਂ ਮੂਲ ਗਿਆਨ ਸਰੋਤਾਂ ਅਤੇ ਸਮਾਜਿਕ ਮਾਹੌਲ ਦੀ ਅਣਹੋਂਦ ਹੈ ਜਿਨ੍ਹਾਂ ਸਰੋਤਾਂ ਅਤੇ ਸਮਾਜਿਕ ਮਾਹੌਲ ਨੂੰ ਸੱਤਾਧਾਰੀ ਰਾਜਨੀਤਕ ਵਚਨਬੱਧਤਾ ਨੇ ਸਮਾਜ ਲਈ ਮੁਹੱਈਆ ਕਰਵਾਉਣਾ ਸੀ। ਭਾਸ਼ਾ ਸਮਾਜਿਕ ਵਰਤਾਰਾ ਹੈ ਪਰ ਸੱਤਾਧਾਰੀ ਨੀਤ ਤੋਂ ਇਸ ਨੂੰ ਕਿਸੇ ਵੀ ਪੱਧਰ 'ਤੇ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਸਮਾਜਿਕ ਜਥੇਬੰਦਕ ਕਾਰਜ ਲੋਕਾਈ ਨੂੰ ਭਾਸ਼ਾ ਪ੍ਰਤੀ ਚੇਤੰਨ ਕਰਨ ਦੀ ਜੁੰਮੇਵਾਰੀ ਨਿਭਾ ਸਕਦੇ ਹਨ ਪਰ ਭਾਸ਼ਾ ਨੂੰ ਸਮਾਜਿਕ ਵਰਤਾਰਿਆਂ ਵਿੱਚ ਵਰਤੋਂਯੋਗ ਬਣਾਉਣ ਦੀ ਨੀਤੀ ਸੱਤਾਧਾਰੀ-ਧਿਰਾਂ ਦੇ ਜੁੰਮੇ ਹੀ ਹੁੰਦੀ ਹੈ। ਭਾਸ਼ਾ-ਚਿੰਤਕਾਂ ਨੂੰ ਜੋ ਵਿਚਾਰ ਮਹੱਤਵਪੂਰਨ ਦਿਖਾਈ ਦਿੰਦਾ ਹੈ ਕਿ ਸਭਿਆਚਾਰਕ ਭਾਸ਼ਾ ਤੋਂ ਬਿਨਾਂ ਮਨੁੱਖ ਦਾ ਵਿਕਾਸ ਸੰਭਵ ਨਹੀਂ ਹੈ। ਇਸੇ ਵਿਚਾਰ ਉਪਰ ਅਸਲ ਵਿੱਚ ਸੱਤਾਧਾਰੀ ਧਿਰ ਪੂਰਨ ਰੂਪ ਵਿੱਚ ਅਮਲ ਕਰਦੀ ਹੋਈ, ਮਨੁੱਖ ਨੂੰ ਆਪਣੀ ਸਭਿਆਚਾਰਕ ਭਾਸ਼ਾ ਤੋਂ ਇਕ ਵਿੱਥ ਉੱਪਰ ਰੱਖਣ ਦੀ ਯੁਗਤ ਅਪਣਾਉਂਦੀ ਹੈ ਕਿਉਂਕਿ ਸੱਤਾਧਾਰੀ ਧਿਰ ਨੂੰ ਆਮ ਲੋਕਾਈ ਦਾ ਵਿਕਾਸ ਅਸਲ ਵਿੱਚ ਕਿਸੇ ਵੀ ਰੂਪ ਵਿੱਚ ਮੰਜ਼ੂਰ ਨਹੀਂ ਹੁੰਦਾ। ਸੱਤਾਧਾਰੀ ਧਿਰਾਂ ਸਮੇਂ-ਸਮੇਂ ਬਦਲਦੀਆਂ ਰਹਿਣਗੀਆਂ ਪਰ ਇਸ ਉਪਰੋਕਤ ਬਦਨੀਤ ਵਿੱਚੋਂ ਪੈਦਾ ਹੋਇਆ ਨੀਤੀ-ਨਿਰਧਾਰਨ ਆਮ ਲੋਕਾਈ ਨੂੰ ਆਪਣੀ ਭਾਸ਼ਾ ਤੋਂ ਦੂਰ ਹੀ ਰੱਖੇਗਾ। ਇਹ ਮੂਲ-ਚੁਣੌਤੀ ਹੀ ਅਸਲ ਵਿੱਚ ਵੱਖ-ਵੱਖ ਪੱਧਰਾਂ ਤੇ ਵੱਖ-ਵੱਖ ਚੁਣੌਤੀਆਂ ਵਿੱਚ ਦਿਖਾਈ ਦਿੰਦੀ ਹੈ ਜਿਵੇਂ ਪੰਜਾਬੀ ਭਾਸ਼ਾ ਪ੍ਰਾਇਮਰੀ, ਮਿਡਲ ਅਤੇ ਹਾਇਰ ਸੈਕੰਡਰੀ ਪੱਧਰ ਤੇ ਕਿਸ ਰੂਪ ਵਿੱਚ ਅਤੇ ਮਾਧਿਅਮ ਵੱਜੋਂ ਕਿਵੇਂ ਪੜਾਈ ਜਾਵੇ? ਪੰਜਾਬੀ ਭਾਸ਼ਾ ਪ੍ਰਸ਼ਾਸਨਿਕ ਕਾਰਜਾਂ ਵਿੱਚ ਵਰਤੋਂ ਯੋਗ ਕਿਵੇਂ ਬਣੇ? ਅਦਾਲਤੀ ਕੰਮਾਂ ਵਿੱਚ ਪੰਜਾਬੀ ਭਾਸ਼ਾ ਕਿਵੇਂ ਵਰਤੀ ਜਾਵੇ? ਜੋ ਵਰਤੀ ਜਾ ਰਹੀ ਹੈ ਉਸਨੂੰ ਆਧੁਨਿਕ ਰੂਪ ਵਿੱਚ ਕਿਵੇਂ ਢਾਲਿਆ ਜਾਵੇ? ਪੰਜਾਬੀ ਭਾਸ਼ਾ ਦੇ ਕੰਪਿਊਟਰੀਕਰਨ ਲਈ ਕਿਸ ਤਰ੍ਹਾਂ ਦੀਆਂ ਵਿਵਸਥਾਵਾਂ ਲੋੜੀਂਦੀਆਂ ਹਨ? ਅਤੇ ਇਹ ਜਿੰਮੇਵਾਰੀ ਕਿਹੜੀਆਂ ਸੰਸਥਾਵਾਂ ਨੂੰ ਸੌਂਪੀ ਜਾਵੇ? ਪੰਜਾਬੀ ਭਾਸ਼ਾ ਨੂੰ ਕਿਸੇ ਇਕ ਧਰਮ ਵਿਸ਼ੇਸ਼ ਤੱਕ ਘਟਾ ਕੇ ਦੇਖਣ ਦੀ ਸੋਚ ਵਿੱਚ ਤਬਦੀਲੀ ਕਿਵੇਂ ਲਿਆਂਦੀ ਜਾਵੇ? ਉਚੇਰੀ ਸਿੱਖਿਆ ਦਾ ਮਾਧਿਅਮ ਪੰਜਾਬੀ ਹੋਵੇ ਜਾਂ ਕੋਈ ਹੋਰ ਭਾਸ਼ਾ? ਗਲੋਬਲ ਵਰਤਾਰੇ ਵਿੱਚ ਪੰਜਾਬੀ ਭਾਸ਼ਾ ਨੂੰ ਨਵੀਆਂ ਲੋੜਾਂ ਦੀ ਪੂਰਤੀ ਲਈ ਯੋਗ ਬਣਾਉਣ ਲਈ ਕਿਸ ਤਰ੍ਹਾਂ ਦੇ ਯਤਨ ਆਰੰਭੇ ਜਾਣ? ਇਨ੍ਹਾਂ ਪ੍ਰਸ਼ਨਾਂ ਦੀ ਚੁਣੌਤੀ ਹੀ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਹੈ ਪਰ ਅਸਲ ਵਿੱਚ ਮੂਲ-ਚੁਣੌਤੀ ਦੀ ਤਹਿ ਤੱਕ ਪਹੁੰਚਣ ਦੀ ਲੋੜ ਹੈ। ਇਹ ਮੂਲ ਚੁਣੋਤੀ ਸੱਤਾਧਾਰੀ ਧਿਰ ਦੀ ਨੀਤ ਅਤੇ ਇਸ ਨੀਤ ਵਿੱਚੋਂ ਨਿਕਲਦੀ ਭਾਸ਼ਾ ਅਤੇ ਸਭਿਆਚਾਰ ਦੀ ਨੀਤੀ-ਨਿਰਧਾਰਨ ਦੀ ਹੈ। ਇਸ ਨੀਤੀ-ਨਿਰਧਾਰਨ ਵਿੱਚ ਭਾਸ਼ਾ ਵਿਗਿਆਨੀਆਂ, ਸਮਾਜ ਵਿਗਿਆਨੀਆਂ, ਮਨੋਵਿਗਿਆਨੀਆਂ ਅਤੇ ਮਾਨਵ ਵਿਗਿਆਨੀਆਂ ਦੀਆਂ ਉਨ੍ਹਾਂ ਮੂਲ-ਖੋਜਾਂ ਨੂੰ ਅਧਾਰ ਬਣਾਉਣਾ ਪਵੇਗਾ ਜਿਹੜੀਆਂ ਮਨੁੱਖ ਦੇ ਅਸਲ ਵਿਕਾਸ ਲਈ ਸਭਿਆਚਾਰਕ ਭਾਸ਼ਾ ਨੂੰ ਹਰ ਪੱਧਰ ਤੇ ਲਾਗੂ ਕਰਨਾ ਜ਼ਰੂਰੀ ਮੰਨਦੀਆਂ ਹਨ।

'ਭਾਸ਼ਾ ਵਿਅਕਤੀ ਦੀ ਮਾਨਸਿਕਤਾ, ਬੌਧਿਕ ਸਮਰੱਥਾ ਅਤੇ ਅੰਤਰੀਵੀ ਸ਼ਖਸੀਅਤ ਤੋਂ ਲੈ ਕੇ ਕਿਸੇ ਕੌਮ ਅਤੇ ਸਭਿਆਚਾਰਕ ਸਮੂਹ ਦੀ ਸਵੈ-ਪਛਾਣ ਅਤੇ ਰਾਜਸੀ ਦਰਜੇ ਨੂੰ ਪਰਿਭਾਸ਼ਿਤ ਅਤੇ ਪ੍ਰਤਿਬਿੰਬਿਤ ਕਰਨ ਵਾਲਾ ਇਕ

ਮਹੱਤਵਪੂਰਣ ਤੱਥ ਹੈ। ਭਾਸ਼ਾ ਇਕ ਅਜਿਹੀ ਸਪੇਸ ਹੈ ਜਿੱਥੇ ਹਿਤਾਂ ਦੀ ਲੜਾਈ ਲੜੀ ਜਾਂਦੀ ਹੈ। ਇਸੇ ਲਈ ਭਾਸ਼ਾਵਾਂ ਕੌਮਾਂ ਅਤੇ ਸਭਿਆਚਾਰਾਂ ਦੀ ਪ੍ਰਗਤੀ ਨਾਲ ਪ੍ਰਫੁਲਿਤ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਪਤਨ ਨਾਲ ਮਰ ਮੁੱਕ ਜਾਂਦੀਆਂ ਹਨ।"[3]

ਸਮੁੱਚੇ ਗਲੋਬਲ ਵਰਤਾਰੇ ਵਿੱਚ ਆਪਣੇ ਸਮਾਜ-ਸਭਿਆਚਾਰ ਅਤੇ ਭਾਸ਼ਾ ਨੂੰ ਰੱਖ ਕੇ ਦੇਖਣ ਦੀ ਵੀ ਲੋੜ ਹੈ। ਸਭਿਆਚਾਰ ਮਾਨਵੀ ਲੋੜਾਂ ਦੇ ਰੁਪਾਂਤਰਣ ਦਾ ਨਾਮ ਹੈ ਅਤੇ ਇਹ ਰੁਪਾਂਤਰਣ ਸਥਾਨਿਕ ਸਭਿਆਚਾਰਕ ਭਾਸ਼ਾ ਰਾਹੀਂ ਹੀ ਅਸਲ ਅਰਥਾਂ ਵਿੱਚ ਨੇਪਰੇ ਚੜ੍ਹਦਾ ਹੈ। ਭਾਸ਼ਾ ਮਨੁੱਖ ਦੀ ਮਹਿਜ਼ ਲੋੜ ਨਹੀਂ ਸਗੋਂ ਭਾਸ਼ਾ ਮਨੁੱਖ ਦਾ ਵਿਧਾ-ਬਿੰਦੂ ਹੈ। ਇਸ ਦ੍ਰਿਸ਼ਟੀ ਤੋਂ ਭਾਸ਼ਾ ਮਨੁੱਖ ਦੀਆਂ ਸਭ ਪ੍ਰਕਾਰ ਦੀਆਂ ਲੋੜਾਂ ਦੀ ਕੇਂਦਰੀ-ਚੂਲ੍ਹ ਹੈ। ਇਸ ਨੂੰ ਸਿੱਧੇ ਪੱਧਰੇ ਅਰਥਾਂ ਵਿੱਚ ਮਨੁੱਖ ਦੀ ਬਸ ਆਰਥਿਕਤਾ ਅਤੇ ਆਰਥਿਕ ਵਿਕਾਸ ਨਾਲ ਜੋੜ ਕੇ ਦੇਖ ਸਮਝ ਲਿਆ ਜਾਂਦਾ ਹੈ ਪਰ ਭਾਸ਼ਾ ਅਸਲ ਵਿੱਚ ਮਨੁੱਖ ਦੀ ਸਮੁੱਚੀ ਸੂਝ-ਉਸਾਰੀ ਦਾ ਕੇਂਦਰੀ-ਬਿੰਦੂ ਹੈ। ਗਲੋਬਲ ਪੱਧਰ ਤੇ ਵਪਾਰ ਦੀ ਮਾਨਸਿਕਤਾ ਅਤੇ ਸਥਾਨਿਕ ਸੱਤਾਧਾਰੀ ਧਿਰ ਦੀ ਸੌੜੀ ਸੋਚ ਦਾ ਖਮਿਆਜ਼ਾ ਸਭਿਆਚਾਰਿਕ ਭਾਸ਼ਾਵਾਂ ਨੂੰ ਓਨੀ ਦੇਰ ਭੁਗਤਣਾ ਪਵੇਗਾ ਜਿੰਨੀ ਦੇਰ ਆਮ ਲੋਕਾਈ ਦੀ ਸੂਝ ਵਿੱਚ ਸਭਿਆਚਾਰਿਕ ਭਾਸ਼ਾ ਸੰਚਾਰ, ਸੰਵਾਦ ਅਤੇ ਸਿਰਜਣ ਦੇ ਪੜ੍ਹਾਵਾਂ ਵਿੱਚ ਨਹੀਂ ਵਿਚਰਦੀ। ਸੰਚਾਰ, ਸੰਵਾਦ ਅਤੇ ਸਿਰਜਣ ਦਾ ਅਮਲ ਹੀ ਗਿਆਨ-ਵਿਗਿਆਨ ਦੇ ਰਾਹ ਘੜਦਾ ਹੈ ਅਤੇ ਇਹ ਗਿਆਨ-ਵਿਗਿਆਨ ਦਾ ਅਸਲ ਵਿਕਾਸ ਸਭਿਆਚਾਰਿਕ ਭਾਸ਼ਾ ਰਾਹੀਂ ਹੀ ਸੰਭਵ ਹੁੰਦਾ ਹੈ।

**ਹਵਾਲੇ ਅਤੇ ਟਿੱਪਣੀਆਂ**

1. ਅਮਰਜੀਤ ਗਰੇਵਾਲ,'ਪੰਜਾਬੀ ਭਾਸ਼ਾ/ਸਭਿਆਚਾਰ ਦੀ ਸਾਂਭ ਸੰਭਾਲ ਅਤੇ ਭਵਿੱਖ' ਪੰਨਾ ਨੰਬਰ-4
2. ਡਾ. ਸੁਰਜੀਤ ਸਿੰਘ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ : ਵਰਤਮਾਨ ਤੇ ਭਵਿੱਖ, ਪੰਨਾ ਨੰ.4
3. ਡਾ. ਸੁਰਜੀਤ ਸਿੰਘ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ : ਵਰਤਮਾਨ ਤੇ ਭਵਿੱਖ, ਪੰਨਾ ਨੰ.1